# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 98772-46588, +1 (418) 887-0162

Epaper World Punjabi Times 22 ਮਾਰਚ 2024 ਦਿਨ ਸ਼ੁੱਕਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਏਅਰ ਫੋਰਸ ਏਅਰਡੋਰਮ ਦੇ 900 ਮੀਟਰ ਦੇ ਅਧਿਕਾਰਤ ਖੇਤਰ ਚ ਉਸਾਰੀ ਦੀ ਮਨਾਹੀ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ, 22 ਮਾਰਚ : ਜ਼ਿਲ੍ਹਾ ਮੈਜਿਸਟ੍ਰੇਟ ਸ. ਜਸਪ੍ਰੀਤ ਸਿੰਘ ਨੇ ਦੱਸਿਆ ਕਿ ਰੱਖਿਆ ਮੰਤਰਾਲਾ, ਭਾਰਤ ਸਰਕਾਰ ਦੇ ਪੱਤਰ ਨੰਬਰ ਰਾਹੀਂ ਸਾਰੇ ਏਅਰ ਫੋਰਸ ਸਟੇਸ਼ਨ ਅਤੇ ਯੂਨਿਟ ਦੇ ਬੋਰਡ ਆਫ ਆਫੀਸਰਜ਼ ਨੂੰ ਏਅਰ ਫੋਰਸ ਏਅਰਡੋਰਮ ਦੇ 900 ਮੀਟਰ (ਅਧਿਕਤਮ) ਦੇ ਹੇਠਾਂ ਖਾਸ ਜ਼ੋਨਾਂ ਦੀ ਪਛਾਣ ਕਰਨ ਲਈ ਅਧਿਕਾਰਤ ਕੀਤਾ ਹੈ, ਜਿੱਥੇ ਵਰਕਸ ਆਫ ਡਿਫੈਂਸ ਐਕਟ 1903 ਦੇ ਤਹਿਤ ਉਸਾਰੀ ਦੀ ਮਨਾਹੀ ਕੀਤੀ ਗਈ ਹੈ। ਨਤੀਜੇ ਵਜੋਂ ਬੋਰਡ ਆਫ ਆਫੀਸਰਜ਼, ਏਅਰ ਫੋਰਸ ਸਟੇਸ਼ਨ, ਭਿਸੀਆਣਾ ਨੇ ਮਿਤੀ 06.01.2009 ਦੀ ਪਾਲਣਾ ਵਿੱਚ ਅਜਿਹੇ ਜ਼ੋਨਾਂ ਦੀ ਸਿਫ਼ਾਰਸ਼ ਕੀਤੀ ਹੈ।

ਹੁਕਮ ਦੇ ਜਾਰੀ ਹੋਣ ਦੀ ਮਿਤੀ ਤੋਂ 03 ਸਾਲ ਤੱਕ ਅਜਿਹੇ ਸਥਾਨਾਂ 'ਤੇ ਕਿਸੇ ਵੀ ਤਰ੍ਹਾਂ ਦੀ ਉਸਾਰੀ ਕਰਨ ਦੀ ਮਨਾਹੀ ਹੈ। ਡਿਫੈਂਸ ਐਕਟ, 1903 ਦੀ ਧਾਰਾ 9 ਅਧੀਨ ਲਾਗੂ ਇਸ ਮਨਾਹੀ ਕਾਰਨ ਵਿੱਤੀ ਨੁਕਸਾਨ ਉਠਾਉਣ ਵਾਲੇ ਆਮ ਲੋਕ ਵਧੀਕ ਡਿਪਟੀ ਕਮਿਸ਼ਨਰ (ਜਨਰਲ), ਬਠਿੰਡਾ ਦੇ ਦਫ਼ਤਰ ਵਿੱਚ 45 ਦਿਨਾਂ ਦੇ ਅੰਦਰ ਕਲੇਮ ਦਾਇਰ ਕਰ ਸਕਦੇ ਹਨ।

## ਪੰਜਾਬੀ ਮਾਂ ਬੋਲੀ ਦੀ ਮਾਣਮੱਤੀ ਸਖਸ਼ੀਅਤ ਪ੍ਰਸਿੱਧ ਪੱਤਰਕਾਰ ਤੇ ਗੀਤਕਾਰ ਨਿੰਦਰ ਕੋਟਲੀ ਜੀ ਨੂੰ 'ਰੀਪਾ' ਰਾਜ ਪੁਰਸਕਾਰ ਨਾਲ ਨਿਵਾਜਿਆ ਜਾਵੇਗਾ ।

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ ਦਰਦੀ ਫ਼ਰੀਦਕੋਟ




ਸ੍ਰੀ ਮੁਕਤਸਰ ਸਾਹਿਬ ਜੀ , ਚਾਲੀ ਮੁਕਤਿਆਂ ਦੀ ਧਰਤੀ । ਜਿਸਨੇ ਦੁਨੀਆ ਦੇ ਨਕਸ਼ੇ ਤੇ ਆਪਣਾ ਰੰਗ ਬਿਖੇਰਿਆ ਹੋਇਆ ਹੈ । ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਧਰਤੀ ਤੇ ਜਿਥੇ ਸਾਫ ਸੁਥਰੇ ਸੁਭਾਅ ਦੇ ਮਾਲਕ ਲੋਕ ਵਸਦੇ ਨੇ। ਜਿੰਨਾ ਨੇ ਆਪਣੀ ਕਲਾ ਦੇ ਜੌਹਰ ਦਿਖਾ ਪੂਰੀ ਦੁਨੀਆ ਵਿਚ ਨਾਮਣਾ ਖੱਟਿਆ। ਇਸ ਧਰਤੀ ਨੂੰ ਦੁਨੀਆ ਦੇ ਨਕਸ਼ੇ ਤੇ ਉਜਾਗਰ ਕੀਤਾ ।

ਜੀ ਹਾਂ ਮੈ ਗੱਲ ਕਰਨ ਜਾ ਰਿਹਾ । ਉਸ ਪਿਆਰੀ ਅਦਬੀ , ਮਾਣਮੱਤੀ ਸਖਸ਼ੀਅਤ ਦੀ , ਜਿੰਨਾ ਨੂੰ ਸ੍ਰੀ ਮੁਕਤਸਰ ਸਾਹਿਬ ਜਿਲੇ ਦੇ ਰਤਨ ਕਹਿਣ 'ਚ ਕੋਈ ਅਤਿਕਥਨੀ ਨਹੀ , ਏਨਾ ਪੰਜਾਬ ਨਹੀ , ਦੇਸਾਂ ਵਿਦੇਸ਼ਾ ਵਿਚ ਅਪਣੀ ਕਲਾ ਦਾ ਲੋਹਾ ਮਨਵਾਇਆ। ਹਰ ਓਹ ਸਤਿਕਾਰਤ ਸਖਸ਼ੀਅਤ ਜਿੰਨੇ ਭਾਵੇ ਕਿਸੇ ਵੀ ਖੇਤਰ 'ਚ ਪ੍ਰਸਿੱਧੀ ਹਾਸਲ ਕੀਤੀ ਹੋਵੇ ਓਹ ਭਾਵੇ ਪ੍ਰਸਿੱਧ ਅਦਾਕਾਰ,ਕਲਾਕਾਰ, ਸਮਾਜਸੇਵੀ , ਗੀਤਕਾਰ, ਸਾਹਿਤਕਾਰ ਜਾਂ ਕੋਈ ਰਾਜਨੀਤਕ ਸਖਸ਼ੀਅਤ ਕਿਉ ਨਾ ਹੋਵੇ। ਓਹ ਪ੍ਰਸਿੱਧ ਪੱਤਰਕਾਰ, ਗੀਤਕਾਰ ਤੇ ਸਮਾਜਸੇਵੀ ਡਾਂ.ਨਿੰਦਰ ਕੋਟਲੀ ਜੀ ਨੂੰ , ਓਨਾ ਦਾ ਮਾਣ ਸਨਮਾਨ ਦੇਣਾ ਨਹੀ ਭੁੱਲਦੀ। ਸਾਇਦ ਹੀ ਕੋਈ ਸਾਹਿਤਕ , ਰਾਜਨੀਤਕ ਜਾਂ ਧਾਰਮਿਕ ਸਮਾਗਮ ਹੋਵੇ, ਜਿਥੇ ਡਾਕਟਰ ਨਿੰਦਰ ਕੋਟਲੀ ਜੀ ਦੀ ਹਾਜ਼ਰੀ ਨਾ ਹੋਵੇ ।

ਜੇਕਰ ਗੀਤਕਾਰੀ ਦੇ ਖੇਤਰ ਵੱਲ ਨਿਗਾਹ ਮਾਰੀਏ ਤਾਂ ਬਹੁਤ ਸਾਰੇ ਪ੍ਰਸਿੱਧ ਸੁਰੀਲੇ ਗਾਇਕਾਂ ਨੇ ਕੋਟਲੀ ਜੀ ਦੇ ਗੀਤ ਗਾ ਅਪਣੀ ਵਿਲੱਖਣ ਪਛਾਣ ਬਣਾਈ। ਏਨਾ ਦੀ ਗੀਤਾਂ ਨੇ ਕਈ ਬਿਰਹਾ ਦੇ ਮਾਰੇ ਦਿਲ ਦੇ ਮਰੀਜਾਂ ਤੇ ਮਰਹਮ ਦਾ ਕੰਮ ਕੀਤਾ। ਸੰਗੀਤ ਜਗਤ ਵਿਚ ਕੋਟਲੀ ਸਾਹਿਬ ਦਾ ਨਾਂਅ ਬੜੇ ਅਦਬ ਸਤਿਕਾਰ ਨਾਲ ਲਿਆ ਜਾਦਾਂ ਹੈ ।

ਪ੍ਰਸਿੱਧ ਲੋਕ ਗਾਇਕ ਤੇ ਅਦਾਕਾਰ 'ਕੁਲਵਿੰਦਰ ਬਿੱਲਾ ਜੀ' ਦਾ ਇੱਕ ਗੀਤ ਹੈ , ਜਿਸ ਦੇ ਬੋਲ ਹਨ "ਉਹ ਸਾਡਾ ਹੋ ਜਾਦਾਂ ਜਿਨੂੰ ਮਿਲ ਲੈਦੇ ਹਾਂ" ਬਸ ਏਸੇ ਤਰਾਂ ਦੀ ਫਿਤਰਤ ਕੋਟਲੀ ਸਾਹਿਬ ਦੀ ਹੈ । ਓਨਾ ਦਾ ਮਿੱਠ ਬੋਲੜਾ ਨਿੱਘਾ ਸੁਭਾਅ, ਹਰ ਦਿਲ ਵਿੱਚ ਅਪਣੀ ਜਗਾਹ ਬਣਾ ਲੈਦਾ ਹੈ। ਏਨਾ ਦੀ ਨਿਰਪੱਖ ਸਾਫ ਸੁਥਰੀ ਪੱਤਰਕਾਰੀ ਤੇ ਗੀਤਕਾਰੀ ਨੇ , ਦੁਨੀਆ ਵਿਚ ਅਲਹਦਾ ਮੁਕਾਮ ਹਾਸਲ ਕੀਤਾ। ਏਨਾਂ ਦੇ ਸ਼ਬਦਾਂ ਦੀ ਜਾਦੂਗਰੀ , ਹਰ ਇੱਕ ਨੂੰ ਕੀਲਦੀ ਹੈ। ਸ੍ਰੀ ਮੁਕਤਸਰ ਸਾਹਿਬ ਹੀ ਨਹੀ, ਪੰਜਾਬ ਦੀਆ ਕਈ ਸੰਸਥਾਵਾਂ ਕੋਟਲੀ ਸਾਹਿਬ ਜੀ ਨੂੰ ਮਾਣ ਸਨਮਾਨ, ਪੁਰਸਕਾਰ ਦੇ ਚੁੱਕੀ ਹੈ।

ਪੰਜਾਬੀ ਸੰਗੀਤ ਜਗਤ ਤੇ ਸਹਿਤ ਜਗਤ ਵਿਚ,ਉਦੋ ਖੁਸੀ ਦੀ ਲਹਿਰ ਦੌੜ ਗਈ, ਜਦੋ "ਰਿਦਮ ਇੰਸਟੀਚਿਊਟ ਆਫ ਪਰਫਾਰਮੈਂਸ ਆਰਟਸ" ਸ੍ਰੀ ਮੁਕਤਸਰ ਸਾਹਿਬ ਵੱਲੋ 17ਵੇ ਰਾਜ ਪੱਧਰੀ ਸਮਾਗਮ ਵਿੱਚ ਪ੍ਰਸਿੱਧ ਪੱਤਰਕਾਰ ਤੇ ਗੀਤਕਾਰ ਡਾਂ.ਨਿੰਦਰ ਕੋਟਲੀ ਜੀ ਨੂੰ "ਰੀਪਾ ਰਾਜ ਪੱਧਰੀ ਪੁਰਸਕਾਰ" ਲਈ ਪ੍ਰੋਫੈਸਰ ਪ੍ਰਸਿੱਧ ਲੋਕ ਗਾਇਕ ਭੋਲਾ ਯਮਲਾ ਜੀ ਤੇ ਓਨਾਂ ਦੀ ਟੀਮ ਨੇ ਚੁਣਿਆ ਗਿਆ। ਫਿਰ ਕੋਟਲੀ ਸਾਹਿਬ ਜੀ ਨੂੰ ਦੁਨੀਆ ਭਰ ਚੋ ਸੁੱਭਕਾਮਨਾਵਾਂ ਦੇ ਸੰਦੇਸ਼ ਆਉਣੇ ਸੁਰੂ ਹੋ ਗਏ। ਮੈ ਡਾਂ.ਨਿੰਦਰ ਕੋਟਲੀ ਸਾਹਿਬ ਜੀ ਨੂੰ , ਇਸ ਪੁਰਸਕਾਰ ਲਈ ਮੁਬਾਰਕਬਾਦ ਦਿੰਦਾ ਹਾਂ ਅਤੇ ਏਨਾ ਦੇ ਚੰਗੇਰੇ ਭਵਿੱਖ ਦੀ ਕਾਮਨਾ ਕਰਦਾ ਹਾਂ । ਵਾਹਿਗੁਰੂ ਕੋਟਲੀ ਸਾਹਿਬ ਜੀ ਨੂੰ ਚੜਦੀ ਕਲਾ ਵਿਚ ਰੱਖੇ । ਪ੍ਰਮਾਤਮਾ ਏਨਾ ਦੀ ਕਲਮ ਨੂੰ ਤਾਕਤ ਬਖਸੇ , ਇਹ ਨਿਰੰਤਰ ਸੇਵਾ ਕਰਦੇ ਰਹਿਣ ਦੁਆਵਾਂ। ਆਮੀਨ

## 23 ਮਾਰਚ ਦੇ ਸੂਰਮੇ ਸ਼ਹੀਦਾਂ ਸ਼ਹੀਦ ਰਾਜਗੁਰੂ, ਸੁਖਦੇਵ ਤੇ ਭਗਤ ਸਿੰਘ ਨੂੰ ਸਲਾਮ ਹੈ।

ਪਟਿਆਲੇ ਵੱਸਦੇ ਪਿਆਰੇ ਵੀਰ ਸਰਬਜੀਤ ਸਿੰਘ ਵਿਰਕ ਐਡਵੋਕੇਟ ਦਾ ਸ਼ਹੀਦ ਭਗਤ ਸਿੰਘ ਜੀ ਨਾਲ ਸਨੇਹੀ ਰਿਸ਼ਤਾ ਹੋਣ ਕਾਰਨ ਹੀ ਸ਼ਹੀਦ ਭਗਤ ਸਿੰਘ ਜੀ ਦੀਆਂ ਇਹੋ ਜਹੀਆਂ ਲਿਖਤਾਂ ਦਾ ਸੰਪਾਦਨ ਹੁੰਦਾ ਹੈ। ਪਰਮਜੀਤ ਤੇ ਸਰਬਜੀਤ ਦੋਵੇ ਭਰਾ ਸਾਹਿੱਤ ਸਿਰਜਕ ਹਨ। ਆਪਣੇ ਬਾਬਲ ਤੋਂ ਅਦਬ ਦੀ ਗੁੜ੍ਹਤੀ ਲੈ ਕੇ ਉਹ ਇਸ ਕਾਰਜ ਵਿੱਚ ਜੁੱਟੇ ਹਨ।
ਸਰਬਜੀਤ ਦੀ ਸੋਚ ਵਿੱਚ ਭਗਤ ਸਿੰਘ ਤੇ ਉਸ ਦੇ ਇਨਕਲਾਬੀ ਫ਼ਲਸਫ਼ੇ ਦੀ ਚਾਸ਼ਨੀ ਗੜੁੱਚ ਹੈ। ਓਦਾਂ ਇਹ ਕਾਰਜ ਕਿੱਥੇ ਛੋਹੇ ਜਾਂਦੇ ਨੇ।
ਕੱਲ੍ਹ 23 ਮਾਰਚ ਨੂੰ ਸ਼ਹੀਦ ਰਾਜਗੁਰੂ, ਸੁਖਦੇਵ ਤੇ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਹੈ। ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਇਹ ਤਿੰਨ ਸੂਰਮੇ 23 ਮਾਰਚ 1931 ਨੂੰ ਫਾਂਸੀ ਚੜ੍ਹੇ ਸਨ ਰਾਮ ਪ੍ਰਸਾਦਿ ਬਿਸਮਿਲ ਦੇ ਇਹ ਬੋਲ ਗਾਉਂਦੇ ਕਿ
ਸਰਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ ਏ ਕਾਤਿਲ ਮੇਂ ਹੈ।
ਲਾਹੌਰ ਦੀ ਜੇਲ੍ਹ ਤਾਂ ਹੁਣ ਕਾਇਮ ਨਹੀਂ ਰਹੀ ਪਰ ਸੋਕਾਂ ਈ ਇਸ ਥਾਂ ਤੇ ਬਣਿਆ ਸ਼ਾਦਮਾਨ ਚੌਂਕ ਹੁਣ ਸ਼ਹੀਦ ਭਗਤ ਸਿੰਘ ਚੌਂਕ ਐਲਾਨਣ ਦੀ ਮੰਗ ਜ਼ੋਰਾਂ ਤੇ ਹੈ।
ਪਾਕਿਸਤਾਨੀ ਪੰਜਾਬ ਦੀ ਹਕੂਮਤ ਇਹ ਕਾਰਜ ਕਰਕੇ ਸਮੁੱਚੇ ਵਿਸ਼ਵ ਦੇ ਇਨਕਲਾਬੀ ਸੋਚ ਧਾਰਕਾਂ ਦਾ ਦਿਲ ਜਿੱਤ ਸਕਦੀ ਹੈ।
23 ਮਾਰਚ ਵਾਲੇ ਦਿਨ ਅਸੀਂ ਵੀ ਸਾਰੇ ਇਹ ਕੋਸ਼ਿਸ਼ ਕਰੀਏ ਕਿ ਰਸਮੀ ਸ਼ਰਧਾਂਜਲੀਆਂ ਦੀ ਥਾਂ ਉਨ੍ਹਾਂ ਦੀਆਂ ਲਿਖਤਾਂ ਨਾਲ ਸਾਂਝ ਪਾਈਏ।
ਸਰਬਜੀਤ ਸਿੰਘ ਵਿਰਕ ਦੀ ਇਸ ਕਿਤਾਬ ਤੋਂ ਇਲਾਵਾ ਇਨ੍ਹਾਂ ਸੂਰਮਿਆਂ ਦੀਆਂ ਲਿਖੀਆਂ ਸਮੁੱਚੀਆਂ ਲਿਖਤਾਂ ਨੂੰ ਸ਼ਹੀਦ ਭਗਤ ਸਿੰਘ ਦੇ ਸੁਚੇਤ ਭਣੇਵੇ ਪ੍ਰੋ. ਜਗਮੋਹਨ ਸਿੰਘ ਜੀ ਨੇ ਵੀ ਸੰਪਾਦਿਤ ਕੀਤਾ ਹੈ ਜਿਸ ਨੂੰ ਚੇਤਨਾ ਪ੍ਰਕਾਸ਼ਨ ਨੇ ਪ੍ਰਕਾਸ਼ਿਤ ਕੀਤਾ ਹੈ। ਸ਼ਹੀਦ ਭਗਤ ਸਿੰਘ ਜੀ ਜੀਵਨੀ ਤੇ ਲਿਖਤਾਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਤੇ ਡਾ. ਚਮਨ ਲਾਲ ਨੇ ਵੀ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿੱਚ ਛਪਵਾ ਦਿੱਤੀਆਂ ਹਨ। ਇਹ ਸਭ ਖ਼ਜ਼ਾਨਾ ਐਮਾਜ਼ੋਨ ਰਾਹੀਂ ਘਰ ਬੈਠੇ ਮੰਗਵਾ ਕੇ ਪੜ੍ਹ ਸਕਦੇ ਹੋ।
23 ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਸੀਨੀਅਰ ਐਡਵੋਕੇਟ ਸਰਦਾਰ ਰ. ਸ ਚੀਮਾ (ਰਾਜ ਕਸ਼ਮੀਰੀ)ਦੀ ਇਹ ਰੁਬਾਈ ਤੁਹਾਡੇ ਨਾਲ ਸਾਂਝੀ ਕਰਨੀ ਚਾਹਾਂਗਾ।

ਵਰਲਡ ਪੰਜਾਬੀ ਟਾਈਮਜ਼ ਗੁਰਭਜਨ ਗਿੱਲ

ਵਤਨਾਂ ਦੇ ਲੇਖੇ ਲੱਗਦਾ ਏ, ਇੱਕ ਇੱਕ ਅਰਮਾਨ ਸ਼ਹੀਦਾਂ ਦਾ।
ਤੇ ਦੇਸ਼ ਦੀ ਖ਼ਾਤਰ ਮਰਨਾ ਹੀ, ਹੁੰਦੈ ਈਮਾਨ ਸ਼ਹੀਦਾ ਦਾ।
ਦੇ ਦੇ ਕੁਰਬਾਨੀ ਵੀਰਾਂ ਦੀ ਹਰ ਕੌਮ ਜਵਾਨੀ ਚੜ੍ਹਦੀ ਏ,
ਕੌਮਾਂ ਦੇ ਸਿਰ ਤੇ ਰਹਿੰਦਾ ਏ, ਹਰ ਦਮ ਅਹਿਸਾਨ ਸ਼ਹੀਦਾਂ ਦਾ।
ਸਾਡਾ ਨਮਨ ਹੈ ਸੂਰਮਿਆਂ ਨੂੰ।
ਇਨ੍ਹਾਂ ਸੂਰਬੀਰਾਂ ਨੂੰ ਚਿਤਵਦਿਆਂ ਮੈਂ ਆਪਣੀ ਇਹ ਗ਼ਜ਼ਲ ਤੁਹਾਡੇ ਸਨਮੁਖ ਪੇਸ਼ ਕਰਦਾ ਹਾਂ।
ਗ਼ਜ਼ਲ : ਗੁਰਭਜਨ ਗਿੱਲ
ਇਹ ਸੁਣਦਿਆਂ ਕੰਨ ਵੀ ਪੱਕ ਗਏ ਨੇ, ਇਕ ਵਾਰ ਭਗਤ ਸਿੰਘ ਫਿਰ ਆਵੇ।
ਸਾਨੂੰ ਜਬਰ ਜ਼ੁਲਮ ਤੋਂ ਮੁਕਤ ਕਰੇ, ਇਕ ਵਾਰ ਭਗਤ ਸਿੰਘ ਫਿਰ ਆਵੇ।

ਕਿਉਂ ਜ਼ੋਰ ਜਵਾਨੀ ਮੁੱਕ ਗਿਆ ਤੇ ਅਣਖ਼ ਦਾ ਸੋਮਾ ਸੁੱਕ ਗਿਆ,
ਕਮਜ਼ੋਰ ਜਵਾਨੀ ਕਿਉਂ ਕਹਿੰਦੀ, ਇਕ ਵਾਰ ਭਗਤ ਸਿੰਘ ਫਿਰ ਆਵੇ।

ਕਿਉਂ ਗਿਆਨ ਦੀ ਲੀਹੋਂ ਲਹਿ ਗਏ ਹਾਂ ਤੇ ਹੱਥਲ ਹੋ ਕੇ ਬਹਿ ਗਏ ਹਾਂ,
ਇਹ ਹੀ ਕਿਉਂ ਮੁੜ ਮੁੜ ਕਹਿੰਦੇ ਹਾਂ, ਇਕ ਵਾਰ ਭਗਤ ਸਿੰਘ ਫਿਰ ਆਵੇ।

ਅਸੀਂ ਆਪਣੀ ਮੀਟੀ ਹਾਰ ਗਏ, ਦੁਸ਼ਮਣ ਹੱਥ ਬਣ ਹਥਿਆਰ ਗਏ,
ਪਿੰਜਰੇ ਵਿਚ ਬਹਿ ਕੇ ਕਿਉਂ ਗਾਈਏ, ਇਕ ਵਾਰ ਭਗਤ ਸਿੰਘ ਫਿਰ ਆਵੇ।

ਅਸੀਂ ਹਾਕਮ ਦੇ ਕਾਰਿੰਦੇ ਹੁਣ, ਇਤਿਹਾਸ ਕੋਲ ਸ਼ਰਮਿੰਦੇ ਹੁਣ,
ਕਿਉਂ ਮੂੰਹ ਰੱਖਣੀ ਲਈ ਕਹਿੰਦੇ ਹਾਂ ਇਕ ਵਾਰ ਭਗਤ ਸਿੰਘ ਫਿਰ ਆਵੇ।

ਸਾਡੇ ਹੀ ਅੰਦਰ ਰਾਜਗੁਰੂ, ਸੁਖਦੇਵ, ਭਗਤ ਸਿੰਘ ਸਾਰੇ ਹੀ,
ਬੇਗੈਰਤ ਹੋ ਕਿਉਂ ਕਹਿੰਦੇ ਹਾਂ, ਇਕ ਵਾਰ ਭਗਤ ਸਿੰਘ ਫਿਰ ਆਵੇ।

ਜੇ ਸੱਚ ਮੁੱਚ ਮੁਕਤੀ ਚਾਹੁੰਦੇ ਹਾਂ, ਕਿਉਂ ਬਾਹਰੋਂ ਨਾਇਕ ਬੁਲਾਉਂਦੇ ਹਾਂ,
ਸਾਡੀ ਰਖਵਾਲੀ ਖਾਤਰ ਕਿਉਂ, ਇੱਕ ਵਾਰ ਭਗਤ ਸਿੰਘ ਫਿਰ ਆਵੇ।




## ਜੋਧਪੁਰ ਰੋਮਾਣਾ ਵਿਖੇ ਕਿਸਾਨ ਜਾਗਰੂਕਤਾ ਕੈਂਪ ਆਯੋਜਿਤ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ, 22 ਮਾਰਚ :ਮੁੱਖ ਖੇਤੀਬਾੜੀ ਅਫ਼ਸਰ ਡਾ. ਕਰਨਜੀਤ ਸਿੰਘ ਗਿੱਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਖੇਤੀਬਾੜੀ ਅਫ਼ਸਰ ਡਾ ਬਲਜਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਖੇਤੀਬਾੜੀ ਵਿਭਾਗ ਵੱਲੋਂ ਪਿੰਡ ਜੋਧਪੁਰ ਰੋਮਾਣਾ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ।

ਕੈਂਪ ਦੀ ਸ਼ੁਰੂਆਤ ਮੌਕੇ ਖੇਤੀਬਾੜੀ ਉਪ ਨਿਰੀਖਕ ਮੈਡਮ ਕੁਲਵੀਰ ਕੌਰ ਨੇ ਪੀਐਮ ਕਿਸਾਨ ਸਨਮਾਨ ਨੀਧੀ ਯੋਜਨਾ ਤਹਿਤ ਗੱਲਬਾਤ ਕਰਦਿਆਂ ਦੱਸਿਆ ਕਿ ਜਿਨ੍ਹਾਂ ਕਿਸਾਨਾਂ ਦੀ ਈਕੇਵਾਈਸੀ ਨਾ ਹੋਣ ਕਰਕੇ ਕਿਸ਼ਤ ਰੁਕੀ ਹੋਈ ਹੈ ਤਾਂ ਉਹ ਖੁਦ ਪੀਐਮ ਕਿਸਾਨ ਵੈਬਸਾਈਟ ਤੇ ਜਾ ਕੇ ਜਾਂ ਨਜ਼ਦੀਕੀ ਸੀਐਸਸੀ ਸੈਂਟਰ ਜਾਂ ਖੇਤੀਬਾੜੀ ਵਿਭਾਗ ਦੇ ਦਫ਼ਤਰ ਜਾ ਕੇ ਕਰਵਾ ਸਕਦੇ ਹਨ।

ਇਸ ਮੌਕੇ ਖੇਤੀਬਾੜੀ ਵਿਕਾਸ ਅਫਸਰ ਡਾ ਜਸਪ੍ਰੀਤ ਸਿੰਘ ਨੇ ਕਣਕ ਦੀ ਫਸਲ ਤੇ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀਆ ਨਿਸ਼ਾਨੀਆਂ ਅਤੇ ਕੰਟਰੋਲ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਕਣਕ ਦੀ ਫ਼ਸਲ ਵਿੱਚ 10 ਸਿੱਟਿਆ ਦੇ ਆਧਾਰ ਤੇ ਜੇਕਰ ਚੇਪਾ ਪ੍ਰਤੀ ਸਿੱਟਾ 5 ਜਾ ਇਸ ਤੋਂ ਵੱਧ ਮਿਲੇ ਤਾਂ 2 ਲਿਟਰ ਨਿੰਮ ਦਾ ਘਰੇ ਬਣਿਆ ਘੋਲ ਜਾ 20 ਗ੍ਰਾਮ ਐਕਟਾਰਾ 25 ਡਬਲਿਊ ਜੀ (ਥਾਇਆਮਿਥੋਕਸਮ) 80-100 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਸਪਰੇਅ ਕੀਤੀ ਜਾਵੇ।

ਇਸ ਦੌਰਾਨ ਖੇਤੀਬਾੜੀ ਵਿਕਾਸ ਅਫਸਰ ਡਾ. ਮਨਜਿੰਦਰ ਸਿੰਘ ਨੇ ਨਰਮੇ ਦੀ ਸੁਚੱਜੀ ਕਾਸ਼ਤ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਨਰਮੇ ਦੀ ਫਸਲ ਉਪਰ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਇਨ੍ਹਾਂ ਦਿਨਾਂ ਵਿਚ ਖੇਤਾਂ ਜਾਂ ਘਰਾਂ ਵਿੱਚ ਪਈਆ ਛਟੀਆਂ ਨੂੰ ਝਾੜ ਕੇ ਰੱਖਿਆ ਜਾਵੇ ਅਤੇ ਰਹਿੰਦ-ਖੂਹੰਦ ਜਲਾ ਦਿੱਤੀ ਜਾਵੇ, ਇਸ ਦੇ ਨਾਲ ਹੀ ਜਿੰਨਾ ਨਦੀਨਾਂ (ਪੀਲੀ ਬੂਟੀ, ਕੰਘੀ ਬੂਟੀ, ਗੁਤਪੱਟਣਾ, ਭੰਗ, ਪੁਠ ਕੰਡਾ, ਕਾਂਗਰਸ ਘਾਹ) ਤੇ ਚਿੱਟੀ ਮੱਖੀ ਪਲਦੀ ਹੈ ਨੂੰ ਪੁੱਟ ਕੇ ਨਸ਼ਟ ਕਰ ਦਿੱਤਾ ਜਾਵੇ।

ਇਸ ਮੌਕੇ ਵੱਡੀ ਗਿਣਤੀ ਵਿਚ ਪਿੰਡ ਜੋਧਪੁਰ ਰੋਮਾਣਾ ਦੇ ਕਿਸਾਨ ਮੌਜੂਦ ਸਨ।

## ਲੋਕ ਸਭਾ ਚੋਣਾਂ- 2024

### ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕ ਸਭਾ ਚੋਣਾਂ ਲਈ ਵੱਖ-ਪਰਮੀਸ਼ਨਾਂ ਲਈ ਸਿੰਗਲ ਵਿੰਡੋ ਪ੍ਰਣਾਲੀ ਕੀਤੀ ਸਥਾਪਿਤ

ਵਰਲਡ ਪੰਜਾਬੀ ਟਾਈਮਜ਼



ਫ਼ਰੀਦਕੋਟ 22 ਮਾਰਚ : ਲੋਕ ਸਭਾ ਚੋਣਾਂ ਦੌਰਾਨ ਰਾਜਸੀ ਪਾਰਟੀਆਂ/ਉਮੀਦਵਾਰਾਂ ਨੂੰ ਚੋਣ ਪ੍ਰਚਾਰ ਸਬੰਧੀ ਵੱਖ-ਵੱਖ ਕਿਸਮਾਂ ਦੀਆਂ ਪਰਮੀਸ਼ਨਾਂ ਦੇਣ ਦੀ ਪ੍ਰੀਕ੍ਰਿਆ ਨੂੰ ਸੁਖਾਲਾ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫ਼ਰੀਦਕੋਟ ਦੇ ਸੇਵਾ ਕੇਂਦਰ ਵਿਖੇ ਸਿੰਗਲ ਵਿੰਡੋ ਪ੍ਰਣਾਲੀ ਸਥਾਪਿਤ ਕੀਤੀ ਗਈ ਹੈ।ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਫ਼ਰੀਦਕੋਟ ਸ੍ਰੀ ਵਿਨੀਤ ਕੁਮਾਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਰਮੀਸ਼ਨਾਂ ਸਬੰਧੀ ਐਂਨ.ਓ.ਸੀ. ਲੈਣ ਦੀ ਪ੍ਰਕਿਰਿਆ ਨੂੰ ਸੁਖਾਲਾ ਬਣਾਉਣ ਲਈ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 26 ਅਧੀਨ ਜ਼ਿਲ੍ਹਾ ਪੱਧਰ ਤੇ ਸਿੰਗਲ ਵਿੰਡੋ ਪ੍ਰਣਾਲੀ ਸਥਾਪਿਤ ਕਰਕੇ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਹੈ ਤਾਂ ਜੋ ਸਮੇਂ ਸਿਰ ਉਮੀਦਵਾਰਾਂ ਨੂੰ ਲੋੜੀਂਦੀ ਪਰਮੀਸ਼ਨ ਜਾਰੀ ਕੀਤੀ ਜਾ ਸਕੇ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਸਿੰਗਲ ਵਿੰਡੋ ਟੀਮ ਦੇ ਇੰਚਾਰਜ ਵਧੀਕ ਡਿਪਟੀ ਕਮਿਸ਼ਨਰ (ਜ) ਜਗਜੀਤ ਸਿੰਘ ਨੂੰ ਲਗਾਇਆ ਗਿਆ ਹੈ ਜਿਨ੍ਹਾਂ ਨਾਲ ਵੱਖ ਵੱਖ ਟੀਮ ਮੈਂਬਰ ਨਿਯੁਕਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਉਕਤ ਟੀਮ ਇੰਚਾਰਜ ਉਮੀਦਵਾਰ/ਬਿਨੈਕਾਰ ਨੂੰ ਪਰਮੀਸ਼ਨ ਦੇਣ ਲਈ ਵੱਖ-ਵੱਖ ਕਮੇਟੀਆਂ ਦੇ ਨੋਡਲ ਅਫ਼ਸਰਾਂ ਨਾਲ ਤਾਲਮੇਲ ਕਰਕੇ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਵਾਉਣਗੇ ਅਤੇ ਸਿੰਗਲ ਵਿੰਡੋ ਰਾਹੀਂ ਪਰਮੀਸ਼ਨ ਜਾਰੀ ਕਰਵਾਉਣ ਦੇ ਜ਼ਿੰਮੇਵਾਰ ਹੋਣਗੇ। ਉਨ੍ਹਾਂ ਕਿਹਾ ਕਿ ਸਮੂਹ ਟੀਮ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਰਾਜਸੀ ਪਾਰਟੀਆਂ/ਉਮੀਦਵਾਰਾਂ ਵੱਲੋਂ ਦਰਖਾਸਤ ਪ੍ਰਾਪਤ ਹੋਣ 'ਤੇ ਮਿਥੇ ਸਮੇਂ ਅੰਦਰ ਪਰਮੀਸ਼ਨ ਜਾਰੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਦੇਰੀ/ਦਰਖਾਸਤ ਦਾ ਨਿਪਟਾਰਾ ਸਮੇਂ ਸਿਰ ਨਾ ਹੋਣ ਦੀ ਸੂਰਤ ਵਿਚ ਸਬੰਧਿਤ ਅਧਿਕਾਰੀ/ਕਰਮਚਾਰੀ ਖ਼ਿਲਾਫ਼ ਚੋਣ ਨਿਯਮਾਂ ਤਹਿਤ ਕਾਰਵਾਈ ਕੀਤੀ ਜਾਵੇਗੀ।

## ਪੰਜਾਬੀ ਅੰਤਰਰਾਸ਼ਟਰੀ ਤ੍ਰਿੰਞਣ ਬੀਬੀਆਂ ਦੀ ਸੱਥ ਇੱਕ ਸੱਥ ਜਾਂ ਮੰਚ ਨਹੀ ਹੈ ਇਹ ਇੱਕ ਸੋਚ ਹੈ।

ਵਰਲਡ ਪੰਜਾਬੀ ਟਾਈਮਜ਼ ਰਵਨਜੋਤ ਕੌਰ ਸਿੱਧੂ ਰਾਵੀ




ਪੰਜਾਬੀ ਅੰਤਰਰਾਸ਼ਟਰੀ ਤ੍ਰਿੰਞਣ ਬੀਬੀਆਂ ਦੀ ਸੱਥ ਨੂੰ ਚਾਰ ਸਾਲ ਹੋ ਗਏ। ਇਸ ਸੱਥ ਦਾ ਨਿਰਮਾਣ ਚਰਨਜੀਤ ਕੌਰ ਆਸਟ੍ਰੇਲੀਆ ਮੈਲਬਰਨ ਵਜੋਂ ਕੀਤੀ। ਜਿਸ ਵਿੱਚ ਅੱਜ 400 ਦੇ ਕਰੀਬ ਬੀਬੀਆਂ ਸ਼ਾਮਿਲ ਹੈਂ।ਪੰਜਾਬੀ ਅੰਤਰਰਾਸ਼ਟਰੀ ਤ੍ਰਿੰਞਣ ਬੀਬੀਆਂ ਦੀ ਸੱਥ ਪੰਜਾਬ ਦੇ ਨਾਲ ਨਾਲ ਦੇਸ਼ ਵਿਦੇਸ਼ ਵਿੱਚੋਂ ਵੀ ਬੀਬੀਆਂ ਸ਼ਾਮਿਲ ਹੋ ਚੁੱਕੀਆ ਹੈ। ਇਹ ਸੱਥ ਪੰਜਾਬੀ ਪੰਜਾਬੀਅਤ , ਵਿਰਾਸਤ, ਸੱਭਿਆਚਾਰ, ਦੇ ਨਾਲ ਨਾਲ ਰਾਜਨੀਤਕ ਅਤੇ ਅਜੋਕੇਕ ਸਮੇਂ ਵਿੱਚ ਪੰਜਾਬ ਵਿੱਚ ਹੋਣ ਵਾਲੀਆਂ ਸੱਮਸਿਆ ਤੇ ਵਿਚਾਰ ਵਟਾਂਦਰਾ ਕਰਦੀਆ ਹਨ। ਇਸ ਸੱਥ ਵਿੱਚ ਹਾਸੇ ਠੱਠੇ ਅਤੇ ਬੁਝਾਰਤਾਂ, ਮੁਹਾਵਰੇ,ਵੀ ਵਰਤਦੇ ਜਾਂਦੇ ਹਨ। ਇਸ ਸੱਥ ਦੀ ਅਗਵਾਈ ਚਰਨਜੀਤ ਕੌਰ ਆਸਟ੍ਰੇਲੀਆ ਮੈਲਬਰਨ ਦੇ ਨਾਲ ਨਾਲ ਜਸਵਿੰਦਰ ਕੌਰ ਜੱਸੀ, ਨਵਗੀਤ ਕੌਰ, ਲਖਵਿੰਦਰ ਕੌਰ ਪਿੰਕੀ ਲੁਧਿਆਣੇ ਤੋਂ, ਚਰਨਜੀਤ ਕੌਰ ਪਟਿਆਲੇ ਤੋਂ,, ਰਵਨਜੋਤ ਕੌਰ ਸਿੱਧੂ ਰਾਵੀ ਨਵਾਂ ਸ਼ਹਿਰ ( ਸ਼ਹੀਦ ਭਗਤ ਸਿੰਘ ਨਗਰ) ਤੋਂ,,, ਡਾਕਟਰ ਵੀਰਪਾਲ ਕੌਰ ਜਲੰਧਰ ਤੋਂ,, ਵੋਲਵੋ ਜੱਟੀ ਯੂ.ਕੇ ਤੋਂ ਕਰ ਰਹੀਆਂ ਹਨ, ਬਾਕੀ ਸਾਥੀ ਵੀ ਉਹਨਾ ਦੇ ਨਾਲ ਮੋਢੇ ਨਾਲ ਮੋਢਾ ਜੋੜ ਤੁਰ ਰਹੇ ਨੇ,ਪੰਜਾਬੀ ਅੰਤਰਰਾਸ਼ਟਰੀ ਤ੍ਰਿੰਞਣ ਬੀਬੀਆਂ ਦੀ ਸੱਥ ਉਹਨਾਂ ਵੀਰ ਭੈਣਾਂ ਦਾ ਵੀ ਸੰਯੋਗ ਵੱਧ ਚੜ ਕੇ ਕਰਦਾ ਹੈ ਜੋ ਵੀਰ ਭੈਣ ਪੰਜਾਬ ਤੇ ਪੰਜਾਬੀ ਸਾਹਿਤ ਤੇ ਖੇਤਰ ਵਿੱਚ ਕੁਝ ਕਰਨਾ ਚਾਹੁੰਦੇ ਹੈਂ। ਪੰਜਾਬੀ ਅੰਤਰਰਾਸ਼ਟਰੀ ਤ੍ਰਿੰਞਣ ਬੀਬੀਆਂ ਦੀ ਸੱਥ ਦੀ ਔਨਲਾਈਨ ਦੇ ਨਾਲ-ਨਾਲ ਬੀਬੀਆਂ ਆਪਣੇ ਕੰਮ ਕਾਰ ਤੋਂ ਬਰੇਕ ਲੈ ਕੇ ਆਪਸ ਵਿੱਚ ਪਿਕਨਿਕ ਤੇ ਜਾਂਦੀਆਂ ਹੈ ਅਤੇ ਪਿਕਨਿਕ ਤੇ ਜਾ ਕੇ ਮੌਜ ਮਸਤੀ ਕਰਨ ਦੇ ਨਾਲ ਨਾਲ ਕੀ ਅਜੋਕੇ ਸਮੇ ਚਲਦੇ ਮੁੱਦਿਆਂ ਤੇ ਵਿਚਾਰ ਵਟਾਂਦਰਾ ਕਰਦੀਆਂ।ਪੰਜਾਬੀ ਅੰਤਰਰਾਸ਼ਟਰੀ ਤ੍ਰਿੰਞਣ ਬੀਬੀਆਂ ਦੀ ਸੱਥ ਵਿੱਚ ਹਰ ਸਾਲ ਸਾਉਣ ਦੇ ਮਹੀਨੇ ਮਾਣਮੱਤੀ ਪੰਜਾਬਣ ਤੇ ਨਾਮ ਨਾਲ ਬੀਬੀਆਂ ਨੂੰ ਮਾਣ ਦਿੱਤਾ ਜਾਂਦਾ ਹੈ। ਪੰਜਾਬੀ ਅੰਤਰਰਾਸ਼ਟਰੀ ਤ੍ਰਿੰਞਣ ਬੀਬੀਆਂ ਦੀ ਸੱਥ ਉਹਨਾਂ ਮਰਦ ਪ੍ਰਧਾਨ ਲਈ ਇਕ ਸੇਧ ਹੈ ਜੋ ਔਰਤ ਨੂੰ ਹਜੇ ਵੀ ਪੈਰ ਦੀ ਜੁੱਤੀ ਸਮਝਦੇ ਹੈ ਕਿ ਔਰਤ ਚਾਹੇ ਤਾਂ ਕੁਝ ਵੀ ਕਰ ਸਕਦੀ ਹੈ। ਅੱਗੇ ਤੋਂ ਉਮੀਦ ਰੱਖਦੇ ਹਾਂ ਕਿ ਭਵਿੱਖ ਵਿੱਚ ਪੰਜਾਬੀ ਅੰਤਰਰਾਸ਼ਟਰੀ ਤ੍ਰਿੰਞਣ ਬੀਬੀਆਂ ਦੀ ਸੱਥ ਹੋਰ ਵੀ ਉੱਦਮੀ ਕੰਮ ਕਰਕੇ ਅੱਗੇ ਆਉਣਗੀਆਂ।

## ਭਗਤ ਸਿੰਘ ਤੇਰੀ ਸੋਚ ਤੇ,



ਘਰੇ ਜੰਮਣ ਤੋਂ ਡਰਦੇ,

ਪਿੱਠੂ ਅੰਗਰੇਜ਼ਾਂ ਦੇ,ਜਿਨ੍ਹਾਂ ਨੇ ਜੂਠ ਝੂਠ

ਦੀ ਖਾਧੀ,

ਤੇਰੀ ਕੁਰਬਾਨੀ ਨੂੰ ਰੋਲ਼ ਕੇ ਕਹਿਣ

ਤੈਨੂੰ ਅੱਤਵਾਦੀ ,

ਸਿਵਿਆਂ ਵਿੱਚ ਜਾਣ ਵਾਲੇ,ਕੁਰਸੀ ਲਈ

ਫੇਰ ਵੀ ਲੜ ਦੇ,

ਚਾਹੁੰਦੇ ਤਾਂ ਸਾਰੇ ਹੀ ਨੇ ਭਗਤ ਸਿਆਂ

ਘਰੇ ਜੰਮਣ ਤੋਂ ਡਰਦੇ,

ਜੋ ਸੁਪਨੇ ਵੇਖ ਗਿਆ ਤੂੰ ਚਿੰਬੜੀਆਂ ਖੂਨ

ਪੀਣੀਆਂ ਜੋਕਾਂ,

ਹੁਣ ਦੇਵੇ ਅਜ਼ਾਦੀ ਦਾ,ਨਾ ਆ ਕੋਈ ਹੋਰ

ਭਗਤ ਸਿਆਂ ਹੋਕਾ

ਰੁਲ਼ ਰਹੇ ਪ੍ਰਿੰਸ ਤਾਂ ਹੀ ,ਗੱਭਰੂ ਨਾਲ਼

ਨਸ਼ੇ ਦੇ ਮਰਦੇ

ਚਾਹੁੰਦੇ ਤਾਂ ਸਾਰੇ ਹੀ ਨੇ

ਭਗਤ ਸਿਆਂ

ਘਰੇ ਜੰਮਣ ਤੋਂ ਡਰਦੇ

ਪੱਗਾਂ ਹੀ ਬਦਲੀਆਂ ਨੇ,ਭਗਤ ਸਿਆਂ ,

ਸੋਚ ਅਸੀਂ ਨਾ ਬਦਲੀ,

ਕੁਝ ਲੋਕ ਵੀ ਚਾਹੁੰਦੇ ਨਾ,ਦੂਜੀ ਰਾਜ ਨੀਤੀ

ਪਈ ਗੰਧਲੀ,

ਝੂਠੇ ਵਾਅਦੇ ਦਾਅਵੇ ਵੀ,ਲੋਕੀਂ ਹਿੱਕ ਠੋਕ

ਛਾਤੀਆਂ ਕਰਦੇ,

ਚਾਹੁੰਦੇ ਤਾਂ ਸਾਰੇ ਹੀ ਨੇ ,ਭਗਤ ਸਿੰਘ ਘਰੇਂ

ਜੰਮਣ ਤੋਂ ਡਰਦੇ,

ਤੇਰੀ ਕੁਰਬਾਨੀ ਤੇ ਹਰ ਕੋਈ ਆਣ

ਰੋਟੀਆਂ ਸੇਕੇ,

ਜਦੋਂ ਜਾਨ ਤੇ ਆ ਬਣਦੀ ਮੈਂ ਕੱਢਦੇ ਕਈ

ਲੇਲੜੀਆਂ ਦੇਖੇ

ਬਣ ਭਿੱਜੀ ਬਿੱਲੀ ਉਹ

ਬੱਕਰੀ ਵਾਂਗ ਮਿਆਂ ਮਿਆਂ ਕਰਦੇ

ਚਾਹੁੰਦੇ ਤਾਂ ਸਾਰੇ ਹੀ ਨੇ ਭਗਤ ਸਿਆਂ

ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ

## ਸ਼ਹੀਦੀ ਦਿਹਾੜੇ ਤੇ ਵਿਸ਼ੇਸ਼-ਮੈਂ ਸਤਲੁਜ ਕੰਢਿਉਂ ਬੋਲਦਾਂ..!

ਮੈਂ



ਸੱਤਲੁਜ ਕੰਢਿਓਂ ਬੋਲਦਾਂ, ਅੱਜ ਭਗਤ ਸਿੰਘ ਸਰਦਾਰ।
ਓਏ ਸੁਣਿਓਂ ਵਾਰਸ ਮੇਰਿਓ, ਮੇਰੀ ਰੂਹ ਦੀ ਕੂਕ ਪੁਕਾਰ।

ਮੈਂ ਏਸ ਅਜ਼ਾਦੀ ਦੇ ਲਈ, ਨਾ ਵਾਰੀ ਆਪਣੀ ਜਾਨ,
ਜਿੱਥੇ ਸੱਚ ਬੋਲਣ ਦੇ ਲਈ, ਕਰਨੀ ਪਏ ਜਿੰਦ ਕੁਰਬਾਨ।

ਮੇਰਾ ਸੁਪਨਾ ਸੁਹਣੇ ਵਤਨ ਦਾ, ਕਰ ਦਿੱਤਾ ਚਕਨਾਚੂਰ,
ਅੱਜ ਕਿਰਤੀ ਵੀਰਾ ਹੋ ਗਿਆ, ਖੁਦਕਸ਼ੀਆਂ ਲਈ ਮਜਬੂਰ।

ਅੱਜ ਧੀਆਂ ਭੈਣਾਂ ਰੋਂਦੀਆਂ, ਕੋਈ ਪੁੱਛਦਾ ਨਹੀਂਉਂ ਬਾਤ,
ਅੱਜ ਵਤਨ ਮੇਰੇ ਵਿੱਚ ਹੋ ਰਹੀ, ਹੈ ਨਸ਼ਿਆਂ ਦੀ ਬਰਸਾਤ।

ਮੇਰੇ ਰੰਗਲੇ ਦੇਸ ਪੰਜਾਬ ਤੇ, ਅੱਜ ਵਰਸ ਗਿਆ ਕੋਈ ਕਹਿਰ,
ਇਹਦੇ ਪੰਜ ਆਬਾਂ ਵਿੱਚ ਘੋਲ਼ਿਆ, ਹੈ ਕਿਸ ਸ਼ਾਤਰ ਨੇ ਜ਼ਹਿਰ?

ਅੱਜ ਹੱਥੀਂ ਫੜ ਕੇ ਡਿਗਰੀਆਂ, ਜੇ ਮਿਲਦਾ ਨਹੀਂ ਰੁਜ਼ਗਾਰ,
ਤਾਂ ਹੀ ਤਾਂ ਗੱਭਰੂ ਏਸ ਦੇ, ਸਭ ਗਏ ਉਡਾਰੀ ਮਾਰ।

ਅੱਜ ਮਜ਼੍ਹਬਾਂ ਪਾਈਆਂ ਵੰਡੀਆਂ, ਦਿੱਤਾ ਫਿਰਕੂ ਰੰਗ ਖਿਲਾਰ।
ਤੱਕ ਰੂਹ ਮੇਰੀ ਹੈ ਤੜਫਦੀ, ਇਹ ਕਾਹਦਾ ਦੇਸ਼ ਪਿਆਰ?

ਹੁਣ ਸੋਨੇ ਦੀ ਇਸ ਚਿੜੀ ਦੇ, ਲਏ ਖੰਭ ਨੇ ਸਾਰੇ ਨੋਚ,
ਮੇਰੀ ਟੋਪੀ, ਪਿਸਟਲ ਸਾਂਭਿਆ, ਮੇਰੀ ਭੁੱਲ ਗਈ ਹੈ ਸੋਚ।

ਮੇਰੀ ਨਾਲ ਕਿਤਾਬਾਂ ਦੋਸਤੀ, ਹੈ ਦਿੱਤੀ ਤੁਸਾਂ ਵਿਸਾਰ।
ਉਂਜ ਬੁੱਤ ਮੇਰੇ ਤੇ ਪਾਂਵਦੇ, ਹੋ ਨਿੱਤ ਫੁੱਲਾਂ ਦੇ ਹਾਰ।

ਹੁਣ ਜਾਗੋ ਬਾਂਕੇ ਦੂਲ੍ਹਿਓ, ਤੇ ਪਗੜੀ ਲਓ ਸੰਭਾਲ।
ਰਲ਼ ਬੈਠੋ 'ਦੀਸ਼' ਅਜੇ ਵੀ, ਤਾਂ ਹੋਏ ਨਾ ਵਿੰਗਾ ਵਾਲ।

ਵਰਲਡ ਪੰਜਾਬੀ ਟਾਈਮਜ਼
ਗੁਰਦੀਸ਼ ਕੌਰ ਗਰੇਵਾਲ

## ਸ਼ਹੀਦ-ਏ-ਆਜ਼ਮ ਭਗਤ ਸਿੰਘ–ਇੱਕ ਇਨਕਲਾਬੀ, ਸਮਾਜਵਾਦੀ ਅਤੇ ਮਾਨਵਵਾਦੀ ਵਿਚਾਰਧਾਰਾ

ਵਰਲਡ ਪੰਜਾਬੀ ਟਾਈਮਜ਼
ਜਗਦੀਸ਼ ਰਾਏ



ਭਾਰੁਤ ਲੰਬੇ ਸਮੇਂ ਤੋਂ ਅੰਗ੍ਰੇਜ਼ਾਂ ਦੀ ਗੁਲਾਮੀ ਦਾ ਸ਼ਿਕਾਰ ਸੀ।ਅਜ਼ਾਦੀ ਪ੍ਰਾਪਤੀ ਲਈ ਲੋਕ ਆਪਣੀ ਸਮਰੱਥਾ ਤੋਂ ਵੀ ਜ਼ਿਆਦਾ ਯਤਨ ਕਰ ਰਹੇ ਸਨ।ਕਾਂਗਰਸ ਇਸ ਘੋਲ ਲਈ ਇੱਕ ਵਧੀਆ ਮੰਚ ਬਣ ਚੁੱਕਾ ਸੀ।ਅਜਿਹੀ ਗੁਲਾਮੀ ਅਤੇ ਸਮਾਜਿਕ ਉਥਲ-ਪੁਥਲ ਵਿੱਚ ਭਗਤ ਸਿੰਘ ਦਾ ਜਨਮ 28 ਸਿਤੰਬਰ, 1907 ਨੂੰ ਮਾਤਾ ਵਿਦਿਆਵਤੀ ਅਤੇ ਪਿਤਾ ਸ. ਕਿਸ਼ਨ ਸਿੰਘ ਦੇ ਘਰ ਪਿੰਡ ਬੰਗਾ, ਤਹਿਸੀਲ ਜੜਾਂਵਾਲਾ, ਜਿਲ੍ਹਾ ਲਾਇਲ ਪੁਰ (ਪੰਜਾਬ) ਜੋ ਕਿ ਹੁਣ ਪਾਕਿਸਤਾਨ ਵਿੱਚ ਹੈ ਹੋਇਆ।ਜਿਸ ਦਿਨ ਉਨ੍ਹਾਂ ਦਾ ਜਨਮ ਹੋਇਆ ਉਸ ਦਿਨ ਹੀ ਉਨ੍ਹਾਂ ਦੇ ਪਿਤਾ ਅਤੇ ਚਾਚਾ ਸ. ਅਜੀਤ ਸਿੰਘ ਜੇਲ੍ਹ ਤੋਂ ਰਿਹਾਅ ਹੋ ਕੇ ਆਏ ਸਨ। ਇਸ ਲਈ ਉਸ ਨੂੰ ਭਾਗਾਂ ਵਾਲਾ ਮੰਨਿਆ ਅਤੇ ਆਖਿਆ ਜਾਣ ਲੱਗਾ।ਹੌਲੀ ਹੌਲੀ ਭਾਗਾਂ ਵਾਲਾ ਤੋਂ ਇਨ੍ਹਾਂ ਦਾ ਨਾਮ ਭਗਤ ਸਿੰਘ ਰੱਖ ਲਿਆ ਗਿਆ।ਜਿਸ ਸਮੇਂ ਭਗਤ ਸਿੰਘ ਦਾ ਜਨਮ ਹੋਇਆ ਉਹ ਸਮਾਂ ਭਾਰਤ ਲਈ ਬੜਾ ਮੁਸ਼ਕਲ ਭਰਿਆ ਸੀ।ਕਿਉਂਕਿ 1905 ਵਿੱਚ ਅੰਗ੍ਰਜ਼ਾਂ ਵਲੋਂ ਬੰਗਾਲ ਦੀ ਵੰਡ ਕਰ ਦਿੱਤੀ ਗਈ। 1907 ਵਿੱਚ ਸੂਰਤ ਵਿੱਚ ਕਾਂਗਰਸ ਦਾ ਨਰਮ ਅਤੇ ਗਰਮ ਦਲ ਵਿੱਚ ਵਿਭਾਜਨ ਹੋ ਗਿਆ।1908 ਵਿੱਚ ਭਾਰਤੀ ਪ੍ਰੈਸ ਅਧਿਨਿਯਮ, ਫੌਜਦਾਰੀ ਕਾਨੂੰਨ ਦਾ ਸੰਸ਼ੋਧਨ ਅਤੇ ਰਾਜਧ੍ਰੋਹ ਕਾਨੂੰਨ ਆਦਿ ਲਿਆਂਦੇ ਗਏ।1909 ਵਿੱਚ ਮਾਰਲੇ ਮਿੰਟੋ ਸੁਧਾਰ ਹੋਂਦ ਵਿੱਚ ਆਏ ਜੋ ਕਿ ਪੂਰੀ ਤਰ੍ਹਾਂ ਨਾਲ ਦਮਨਕਾਰੀ ਸਨ।ਉਨ੍ਹਾਂ ਨੂੰ ਜਿੰਨਾ ਦਮਨਕਾਰੀ ਵਾਤਾਵਰਣ ਮਿਲਿਆ ਉਹ ਉਂਨਾਂ ਹੀ ਦ੍ਰਿੜ, ਗੰਭੀਰ, ਇਨਕਲਾਬੀ ਵਿਅਕਤੀਤਵ ਦਾ ਮਾਲਕ ਬਣ ਕੇ ਉੱਭਰੇ।ਜਿਵੇਂ ਉਹ ਵੱਡੇ ਹੁੰਦੇ ਗਏ ਉਵੇਂ ਹੀ ਵੰਗਾਰਾਂ ਸਖਤ ਹੁੰਦੀਆਂ ਗਈਆਂ।ਮਾਤਾ ਪਿਤਾ ਅਤੇ ਪਰਿਵਾਰਕ ਵਾਤਾਵਰਣ ਵੀ ਬੱਚੇ ਦੇ ਵਿਅਕਤੀਤਵ ਦੇ ਵਿਕਾਸ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ।ਉਨ੍ਹਾਂ ਨੇ ਵੀ ਗੁੜ੍ਹਤੀ ਵਿੱਚ ਬਹੁਤ ਕੁੱਝ ਪ੍ਰਾਪਤ ਕੀਤਾ ਸੀ।

ਪਹਿਲੇ ਵਿਸ਼ਵ ਯੁੱਧ ਸਮੇਂ ਅੰਗ੍ਰੇਜ਼ਾਂ ਨੇ ਭਾਰਤੀਆਂ ਨੂੰ ਯੁੱਧ ਵਿੱਚ ਸਾਥ ਦੇਣ ਬਦਲੇ ਬਹੁਤ ਸਾਰੇ ਵਾਅਦੇ ਕੀਤੇ।ਪਰ ਬਦਲੇ ਵਿੱਚ 1919 ਵਿੱਚ ਰੋਲਟ ਐਕਟ ਦੇ ਕੇ ਹਰ ਪ੍ਰਕਾਰ ਦੀ ਅਜ਼ਾਦੀ ਤੇ ਛਾਪਾ ਮਾਰ ਲਿਆ ਗਿਆ।ਇਸ ਵਿੱਚ ਸਰਕਾਰ ਕੋਲ ਬਿਨਾਂ ਵਰੰਟ ਗ੍ਰਿਫਤਾਰੀ ਦਾ ਅਧਿਕਾਰ ਸੀ ਅਤੇ ਇਸ ਵਿਰੁੱਧ ਵਕੀਲ, ਦਲੀਲ ਅਤੇ ਅਪੀਲ ਦਾ ਅਧਿਕਾਰ ਵੀ ਨਹੀਂ ਸੀ।ਇਸ ਦੇ ਵਿਰੋਧ ਵਿੱਚ 13 ਅਪ੍ਰੈਲ, 1919 ਨੂੰ ਜੱਲਿਆਂਵਾਲਾ ਬਾਗ, ਅੰਮ੍ਰਿਤਸਰ ਵਿਖੇ ਹਜ਼ਾਰਾਂ ਦੀ ਸੰਖਿਆ ਵਿੱਚ ਬਹੁਤ ਵੱਡਾ ਇਕੱਠ ਹੋਇਅ।ਪਰ ਵਿਦੇਸ਼ੀ ਹਕੂਮਤ ਵਲੋਂ ਮਾਰਸ਼ਲ ਲਾਅ ਲਗਾ ਕੇ ਜਨਰਲ ਡਾਇਰ ਦੇ ਹੁਕਮ ਨਾਲ ਹਜ਼ਾਰਾਂ ਨਿਹੱਥੇ ਲੋਕਾਂ ਨੂੰ ਗੋਲੀਆਂ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਹਜ਼ਾਰਾਂ ਲੋਕ ਬੁਰੀ ਤਰ੍ਹਾ ਨਾਲ ਜਖਮੀ ਹੋ ਗਏ।ਇਸ ਤਾਂਡਵ ਨਾਚ ਨੇ ਭਗਤ ਸਿੰਘ ਨੂੰ ਝੰਜੋੜ ਕੇ ਰੱਖ ਦਿੱਤਾ।ਉਸਦੇ ਵਿਚਾਰ ਬਚਪਨ ਤੋਂ ਹੀ ਇਨਕਲਾਬੀ ਸਨ। ਪਰ ਇਸ ਅਣ ਮਨੁੱਖੀ ਵਰਤਾਰੇ ਨੇ ਉਨ੍ਹਾਂ ਵਿੱਚ ਅਜ਼ਾਦੀ ਪ੍ਰਾਪਤੀ ਦੀ ਤੜਫ ਹੋਰ ਮਜਬੂਤ ਕਰ ਦਿੱਤੀ।ਲੱਗ ਭੱਗ ਬਾਰਾਂ ਕਿਲੋਮੀਟਰ ਲੰਬਾ ਸਫਰ ਪੈਦਲ ਚੱਲ ਕੇ 12 ਸਾਲ ਦੀ ਉਮਰ ਵਿੱਚ ਇੱਥੇ ਪਹੁੰਚ ਕੇ ਖੂਨ ਨਾਲ ਭਿੱਜੀ ਮਿੱਟੀ ਮੁੱਠੀ ਵਿਚੱ ਭਰ ਕੇ ਲੈ ਕੇ ਗਏ। ਛੋਟੀ ਉਮਰ ਵਿੱਚ ਹੀ ਮਨ ਵਿਦਰੋਹ ਅਤੇ ਜੋਸ਼ ਨਾਲ ਭਰ ਗਿਆ।ਮੁੱਢਲੀ ਵਿਦਿਆ ਉਨ੍ਹਾਂ ਨੇ ਡੀ ਏ ਵੀ ਸਕੂਲ ਤੋਂ ਪ੍ਰਾਪਤ ਕੀਤੀ। ਸਕੂਲ ਦੀ ਪੜ੍ਹਾਈ ਦੇ ਨਾਲ ਨਾਲ ਆਮ ਗਿਆਨ ਦੀਆਂ ਪੁਸਤਕਾਂ ਪੜ੍ਹਨ ਵਿੱਚ ਉਨ੍ਹਾਂ ਦਾ ਸ਼ੌਕ ਬਣ ਚੁੱਕਾ ਸੀ।ਉਹ ਮਹਾਤਮਾ ਗਾਂਧੀ ਦੀ ਅਸਹਿਯੋਗ ਅੰਦੋਲਨ ਤੋਂ ਪ੍ਰਭਾਵਿਤ ਸਨ ਅਤੇ ਇਸ ਸੰਘਰਸ਼ ਦਾ ਹਿੱਸਾ ਬਣ ਚੁੱਕੇ ਸਨ।ਪਰ 1922 ਵਿੱਚ ਮਹਾਤਮਾ ਗਾਂਧੀ ਵਲੋਂ ਉਲੀਕੇ ਗਏ ਅਸਹਿਯੋਗ ਅੰਦੋਲਨ ਜਾਂ ਖਿਲਾਫਤ ਅੰਦੋਲਨ ਜੋ ਕਿ ਹਿੰਦੂ ਮੁਸਲਿਕਮ ਏਕਤਾ ਲਈ ਵਧੀਆ ਉਦਾਹਰਣ ਸੀ, ਚੌਰਾ ਚੌਰੀ ਵਿੱਚ ਹਿੰਸਾ ਭੜਕ ਜਾਣ ਕਰਕੇ ਗਾਂਧੀ ਜੀ ਵਲੋਂ ਇਹ ਅੰਦੋਲਨ ਵਾਪਿਸ ਲੈ ਲਿਆ ਗਿਆ। ਇਸ ਨਾਲ ਬਹੁਤ ਸਾਰੇ ਗਰਮ ਦਲ ਦੇ ਨੇਤਾ ਸਮੇਤ ਭਗਤ ਸਿੰਘ ਨਰਾਜ਼ ਸਨ।ਲਗਭੱਗ ਇੱਥੋਂ ਹੀ ਇਨ੍ਹਾਂ ਦੋਹਾਂ ਦਾ ਵਿਚਾਰਾਤਮਕ ਵਿਖਰੇਵਾਂ ਸਾਹਮਣੇ ਆਉਂਦਾ ਹੈ।

1923 ਵਿੱਚ ਭਗਤ ਸਿੰਘ ਨੈਸ਼ਨਲ ਕਾਲਜ ਲਾਹੌਰ ਵਿਚੱਚ ਦਾਖਲਾ ਲੈਂਦੇ ਹਨ।ਇਸ ਕਾਲਜ ਦੀ ਸਥਾਪਨਾ ਵਿੱਚ ਸੰਸਥਾਪਕਾਂ ਵਿੱਚੋਂ ਲਾਲਾ ਲਾਜਪੱਤ ਰਾਏ ਮੁੱਖ ਸਨ।ਇਸ ਕਾਲਜ ਵਿੱਚ ਕਿਤਾਬੀ ਪੜ੍ਹਾਈ ਦੇ ਨਾਲ ਨਾਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ।ਭਗਤ ਸਿੰਘ ਇੱਥੇ ਡ੍ਰਾਮੈਟਿਕ ਕਲੱਬ ਦੇ ਉੱਗੇ ਮੈਂਬਰ ਸਨ।ਉਨ੍ਹਾ ਦੇ ਵਿਅਕਤੀਤਵ ਨੂੰ ਨਿਖਾਰਨ ਵਿੱਚ ਇਸ ਕਾਲਜ ਦੀ ਮੁੱਖ ਭੂਮਿਕਾ ਹੈ।ਭਗਤ ਸਿੰਘ ਦੀ ਜਿਹੜੀ ਪਗੜੀ ਵਾਲੀ ਤਸਵੀਰ ਅੱਜ ਕੱਲ ਜਿਆਦਾ ਪ੍ਰਚੱਲਿਤ ਹੈ ਉਹ ਇਸ ਕਾਲਜ ਦੀ ਹੀ ਡ੍ਰਾਮੈਟਿਕ ਕਲੱਬ ਦੀ ਗਰੁੱਪ ਫੋਟੋ ਵਿੱਚੋਂ ਲਈ ਗਈ ਹੈ।ਪਰ ਇਹ ਫੋਟੋ ਉਨ੍ਹਾਂ ਦੀ ਮਾਨਵ ਵਾਦੀ ਭਾਵਨਾ ਤੋਂ ਹੱਟ ਕੇ ਉਨ੍ਹਾਂ ਨੂੰ ਕਿਸੇ ਵਿਸ਼ੇਸ਼ ਧਰਮ ਨਾਲ ਬੰਨਣ ਦਾ ਯਤਨ ਹੈ।ਉਨ੍ਹਾ ਨੇ ਜਾਤਾਂ, ਧਰਮਾਂ, ਭਾਸ਼ਾਵਾਂ ਅਤੇ ਖੇਤਰਾਂ ਤੋਂ ਉੱਪਰ ਉੱਠ ਕੇ ਮਾਨਵ ਅਜ਼ਾਦੀ ਦੇ ਨਿਰੋਲ ਉਦੇਸ਼ ਦਾ ਪਾਲਣ ਕੀਤਾ ਹੈ।ਉਨ੍ਹਾਂ ਦੀਆਂ ਚਾਰ ਤਸਵੀਰਾਂ ਹੀ ਜਿਆਦਾ ਪ੍ਰਚੱਲਿਤ ਹਨ।ਪਹਿਲੀ ਬਚਪਨ ਦੀ ਸਾਫ ਸੁਥਰੇ ਪਹਿਰਾਵੇ ਵਿੱਚ, ਦੂਜੀ ਲਹੌਰ ਵਿਖੇ ਝੂਠੇ ਬੰਬ ਵਿਸਫੋਟ ਇਲਜਾਮ ਵਿੱਚ ਫੜੇ ਜਾਣ ਤੇ ਜੇਲ੍ਹ ਵਿੱਚ ਇੱਕ ਚਾਰਪਾਈ ਤੇ, ਤੀਜੀ ਨੈਸ਼ਨਲ ਕਾਲਜ ਲਹੌਰ ਦੇ ਡ੍ਰਾਮੈਟਿਕ ਕਲੱਬ ਦੀ ਗਰੁੱਪ ਫੋਟੋ ਵਿੱਚੋਂ ਲਈ ਗਈ ਹੈ ਅਤੇ ਚੌਥੀ ਉਨ੍ਹਾਂ ਦੀ ਹੈਟ ਵਾਲੀ ਫੋਟੋ ਹੈ ਜੋ ਉਨ੍ਹਾਂ ਨੇ ਆਪ ਸ਼ੌਕ ਅਤੇ ਇੱਛਾ ਨਾਲ ਖਿਚਵਾਈ ਸੀ।ਉਹ ਚਾਹੁੰਦੇ ਸਨ ਕਿ ਕੇਂਦਰੀ ਲੈਜਿਸਲੇਟਿਵ ਅਸੈਂਬਲੀ ਵਿਚੱ ਬੰਬ ਸੁੱਟਣ ਤੋਂ ਬਾਅਦ ਇਹ ਫੋਟੋ ਹੀ ਲੋਕਾਂ ਤੱਕ ਪਹੁੰਚੇ।ਜਸ ਵਿੱਚ ਉਹ ਬਹੁਤ ਸੋਹਣੇ, ਵਧੀਆ ਪਰਿਵਾਰ ਵਿੱਚੋਂ ਅਤੇ ਪੜ੍ਹੇ ਲਿਖੇ ਦਿਖਾਈ ਦਿੰਦੇ ਸਨ।ਜਿਸ ਤੋਂ ਪਤਾ ਲੱਗ ਸਕੇ ਕਿ ਆਰਥਿਕ ਤੌਰ ਤੇ ਗਰੀਬ ਅਤੇ ਦਬਲੇ ਕੁਚਲੇ ਲੋਕਾਂ ਦਾ ਹੀ ਫਰਜ ਨਹੀਂ ਕਿ ਉਹ ਸੰਘਰਸ਼ ਕਰਨ ਬਲਕਿ ਵਧੀਆ ਆਰਥਿਕਤਾ ਅਤੇ ਸਮਾਜਿਕ ਥਾਂ ਵਾਲੇ ਲੋਕਾਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਦੇਸ਼ ਦੀ ਅਜ਼ਾਦੀ ਅਤੇ ਸਮਾਜਿਕ ਬਰਾਬਰੀ ਲਈ ਕੰਮ ਕਰਨ।

1924 ਵਿੱਚ ਹਿੰਦੁਸਤਾਨ ਰਿਪਬਲਿਕ ਐਸੋਸੀਏਸ਼ਨ ਦਾ ਗਠਨ ਹੋਇਆ ਜਿਸ ਵਿੱਚ ਰਾਮ ਪ੍ਰਸਾਦ ਬਿਸਮਿਲ ਦੀ ਵਿਸ਼ੇਸ਼ ਭੁਮਿਕਾ ਸੀ।1926 ਵਿੱਚ ਭਗਤ ਸਿੰਘ ਅਤੇ ਸਾਥੀਆਂ ਵਲੋਂ ਭਾਰਤ ਨੌਜਵਾਨ ਸਭਾ ਦੀ ਸਥਾਪਨਾ ਕੀਤੀ ਗਈ।ਉਨ੍ਹਾਂ ਦਾ ਮੰਨਣਾ ਸੀ ਕਿ ਨੌਜਵਾਨ ਹੀ ਅਜ਼ਾਦੀ ਪ੍ਰਾਪਤੀ ਲਈ ਸੱਭ ਤੋਂ ਵੱਧ ਭੂਮਿਕਾ ਨਿਭਾ ਸਕਦੇ ਹਨ ਅਤੇ ਉਨ੍ਹਾਂ ਨੂੰ ਇਕੱਠੇ ਹੋਣ ਲਈ ਇੱਕ ਵਧੀਆ ਮੰਚ ਦੀ ਅਤੇ ਵਿਚਾਰਾਂ ਨੂੰ ਸੋਧਣ ਅਤੇ ਨਿਖਾਰਨ ਦੀ ਲੋੜ ਹੈ।ਉਹ ਆਪ ਬਹੁਤ ਜਿਆਦਾ ਪੜ੍ਹਦੇ ਅਤੇ ਸਾਥੀਆਂ ਨੂੰ ਠੋਸ ਵਿਚਾਰਾਂ ਤੋਂ ਜਾਣੂ ਕਰਵਾਉਂਦੇ ਸਨ।ਇਨ੍ਹਾ ਦੇ ਵਿਚਾਰਾਂ ਦੀ ਮਜਬੂਤੀ ਵਿੱਚ ਇਨ੍ਹਾਂ ਦੇ ਅਧਿਆਪਕ ਜੈ ਚੰਦ ਵਿਦਿਆਲੰਕਾਰ ਦਾ ਵੀ ਬਹੁਤ ਬੜਾ ਯੋਗਦਾਨ ਹੈ।ਉਨ੍ਹਾਂ ਦੀ ਪ੍ਰੇਰਣਾ ਸੱਦਕਾ ਹੀ ਉਹ ਹਿੰਦੁਸਤਾਨ ਰਿਪਬਲਿਕ ਐਸੋਸੀਏਸ਼ਨ ਦੇ ਮੈਂਬਰ ਬਣੇ।ਪਰ ਇਸ ਸੰਗਠਨ ਦੀ ਆਰਥਿਕਤਾ ਬਹੁਤ ਕਮਜੋਰ ਸੀ ਕਿਉਂਕਿ ਕਾਂਗਰਸ ਨੂੰ ਤਾਂ ਬੜੇ ਸਰਮਾਏਦਾਰਾਂ ਵਲੋਂ ਆਰਥਿਕ ਸਹਾਇਤਾ ਮਿਲਦੀ ਸੀ। ਪਰ ਖਰਚਿਆਂ ਦੀ ਪੂਰਤੀ ਲਈ ਇਨ੍ਹਾਂ ਨੂੰ ਕਈ ਔਖੇ ਅਤੇ ਜੋਖਮ ਭਰੇ ਕੰਮ ਕਰਨੇ ਪੈਂਦੇ ਸਨ। ਜਿਨ੍ਹਾਂ ਵਿੱਚ ਇੱਕ ਕਾਕੋਰੀ ਕਾਂਡ ਦੀ ਘਟਨਾ ਪ੍ਰਮੁੱਖ ਹੈ।ਭਗਤ ਸਿੰਘ ਨੇ ਅਲੱਗ ਅਲੱਗ ਮੰਚਾਂ ਨੂੰ ਜਿਵੇਂ ਕਿ ਕਲਕੱਤਾ ਵਿੱਚ ਅਨੁਸ਼ੀਲਨ ਸਮਿਤੀ, ਯੁਗਾਂਤਰ ਅਖਬਾਰ ਅਤੇ ਗਦਰ ਪਾਰਟੀ ਆਦਿ ਨੂੰ ਦੇਸ਼ ਪੱਧਰ ਤੇ ਇੱਕ ਬੜਾ ਮੰਚ ਦੇਣ ਦਾ ਇੱਕ ਵਧੀਆ ਕਾਰਜ ਕੀਤਾ।1928 ਵਿੱਚ ਹਿੰਦੁਸਤਾਨ ਰਿਪਬਲਿਕ ਐਸੋਸੀਏਸ਼ਨ ਵਿੱਚ ਸੋਸ਼ਲਿਸਟ ਸ਼ਬਦ ਜੋੜ ਕੇ ਇਸ ਦਾ ਨਾਮ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ ਬਣਾ ਦਿੱਤਾ।ਇਹ ਉਨ੍ਹਾਂ ਦੀ ਦੂਰ ਅੰਦੇਸ਼ੀ ਅਤੇ ਤੀਖਣ ਬੁੱਧੀ ਸੀ ਜਿਸ ਨਾਲ ਵੱਡੀ ਪੱਧਰ ਤੇ ਅਜ਼ਾਦੀ ਦੇ ਪਰਵਾਨੇ ਇੱਕ ਮੰਚ ਤੇ ਇਕੱਠੇ ਹੋ ਸਕੇ।ਇਸ ਦਾ ਉਦੇਸ਼ ਕੇਵਲ ਅੰਗ੍ਰੇਜ਼ਾਂ ਕੋਲੋਂ ਅਜ਼ਾਦੀ ਪ੍ਰਾਪਤ ਕਰਨਾ ਹੀ ਨਹੀਂ ਬਲਕਿ ਇਸ ਦੇਸ਼ ਦੇ ਪੂੰਜੀਪਤੀਆਂ ਕੋਲੋਂ ਗਰੀਬ ਲੋਕਾਂ ਦਾ ਛੁਟਕਾਰਾ ਕਰਵਾਉਣਾ ਵੀ ਸੀ। ਜਿਸ ਨਾਲ ਸਾਰੇ ਲੋਕਾਂ ਨੂੰ ਬਰਾਬਰ ਰਹਿ ਕੇ ਰੋਟੀ, ਕੱਪੜਾ ਅਤੇ ਮਕਾਨ ਉਪਲਬਧ ਹੋ ਸਕੇ।

1928 ਵਿੱਚ ਬ੍ਰਿਟੇਨ ਵਲੋਂ ਜੌਹਨ ਸਾਈਮਨ ਦੀ ਪ੍ਰਧਾਨਗੀ ਹੇਠ ਇੱਕ ਸੱਤ ਮੈਂਬਰੀ ਕਮਿਸ਼ਨ ਭੇਜਿਆ ਗਿਆ। ਇਸ ਦੇ ਸਾਰੇ ਮੈਂਬਰ ਅੰਗ੍ਰੇਜ਼ ਸਨ ਜਿਨ੍ਹਾਂ ਨੇ ਭਾਰਤ ਵਿੱਚ ਸਿਆਸੀ ਸਥਿਤੀ ਵਾਰੇ ਰਿਪੋਰਟ ਦੇਣੀ ਸੀ।ਇਸ ਦਾ ਪੂਰੇ ਦੇਸ਼ ਵਿੱਚ ਵਿਰੋਧ ਹੋਇਆ। ਪੰਜਾਬ ਵਿੱਚ ਵੀ ਲਾਲਾ ਲਾਜਪੱਤ ਰਾਏ ਦੀ ਰਹਿਨੁਮਾਈ ਵਿੱਚ ਮਿਤੀ 30 ਅਕਤੂਬਰ, 1928 ਨੂੰ ਕਾਲੇ ਝੰਡਿਆਂ ਨਾਲ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਅਤੇ "ਸਾਇਮਨ ਕਮਿਸ਼ਨ ਵਾਪਿਸ ਜਾਓ" ਦੇ ਨਾਅਰੇ ਲਗਾਏ ਗਏ। ਭੀੜ ਨੂੰ ਖਿੰਡਾਉਣ ਲਈ ਪੁਲਿਸ ਅਧਿਕਾਰੀ ਜੇਮਜ਼ ਏ ਸਕੌਟ ਨੇ ਲਾਠੀਚਾਰਜ ਕਰਵਾ ਦਿੱਤਾ ਜਿਸ ਵਿੱਚ ਲਾਲਾ ਲਾਜਪੱਤ ਰਾਏ ਬੁਰੀ ਤਰ੍ਹਾਂ ਨਾਲ ਜਖਮੀ ਹੋ ਗਏ।ਇਸ ਕਾਰਣ ਹੀ ਉਨ੍ਹਾਂ ਦੀ ਮਿਤੀ 17 ਨਵੰਬਰ, 1928 ਨੂੰ ਮੌਤ ਹੋ ਗਈ।ਇਹ ਘਾਟਾ ਸਾਰਿਆ ਲਈ ਅਸਹਿ ਸੀ। ਇਸ ਦਾ ਬਦਲਾ ਲੈਣ ਲਈ ਉਸੇ ਦਿਨ ਭਗਤ ਸਿੰਘ, ਰਾਜਗੁਰੂ, ਸੁਖਦੇਵ, ਚੰਦਰਸ਼ੇਖਰ ਆਜ਼ਾਦ ਅਤੇ ਜੈ ਗੋਪਾਲ ਨੇ ਯੋਜਨਾ ਤਿਆਰ ਕਰ ਲਈ ਅਤੇ ਪੂਰੇ ਇੱਕ ਮਹੀਨੇ ਬਾਅਦ ਮਿਤੀ 17 ਦਿਸੰਬਰ, 1928 ਨੂੰ ਬਦਲਾ ਲੈ ਲਿਆ। ਪਰ ਦੁੱਖ ਦੀ ਗੱਲ ਇਹ ਹੋਈ ਕਿ ਸਕੌਟ ਦੀ ਥਾਂ ਸਹਾਇਕ ਪੁਲਿਸ ਅਧਿਕਾਰੀ ਜੌਹਨ ਪੀ ਸਾਂਡਰਸ ਮਾਰਿਆ ਗਿਆ।ਇਸ ਦਾ ਇਨ੍ਹਾਂ ਸਾਥੀਆਂ ਨੂੰ ਦੁੱਖ ਵੀ ਹੋਇਆ। ਜਦ ਕਿ ਭਗਤ ਸਿੰਘ ਕਤਲੋ ਗਾਰਤ ਵਿੱਚ ਵਿਸ਼ਵਾਸ ਨਾ ਰੱਕਦੇ ਹੋਏ ਇੱਕ ਮੌਲਿਕ ਚਿੰਤਕ ਅਤੇ ਅਜ਼ਾਦੀ ਦੇ ਪਰਵਾਨੇ ਸਨ।

ਬ੍ਰਿਟਿਸ਼ ਸਰਕਾਰ ਭਾਰਤੀਆਂ ਦਾ ਸਸ਼ੋਸ਼ਣ ਕਰਨ ਵਿੱਚ ਕੋਈ ਵੀ ਮੌਕਾ ਨਹੀਂ ਗਵਾਉਂਦੀ ਸੀ। ਇਸ ਕੜੀ ਵਿੱਚ ਹੀ ਕੇਂਦਰੀ ਵਿਧਾਨ ਸਭਾ ਦਿੱਲੀ ਵਿੱਚ ਟਰੇਡ ਡਿਸਪਿਊਟ ਬਿੱਲ ਅਤੇ ਪਬਲਿਕ ਸੇਫਟੀ ਬਿੱਲ ਪੇਸ਼ ਕੀਤੇ ਗਏ। ਜਿਸ ਦੀ ਆੜ ਵਿੱਚ ਆਮ ਲੋਕਾਂ ਦੇ ਹੱਕ ਖੋਹੇ ਜਾਣੇ ਸਨ।ਇਨ੍ਹਾਂ ਬਿੱਲਾਂ ਪ੍ਰਤੀ ਵਿਰੋਧ ਦਰਜ ਕਰਵਾਉਣ ਲਈ ਇਨ੍ਹਾਂ ਸਾਥੀਆਂ ਨੇ ਵਿਧਾਨ ਸਭਾ ਵਿੱਚ ਬੰਬ ਧਮਾਕੇ ਕਰਨ ਦੀ ਯੋਜਨਾ ਬਣਾਈ ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਕਿਸੇ ਦਾ ਜਾਨੀ ਨੁਕਸਾਨ ਨਹੀਂ ਕਰਨਾ ਅਤੇ ਆਪਣੀਆਂ ਗ੍ਰਿਫਤਾਰੀਆਂ ਵੀ ਜਰੂਰ ਦੇਣੀਆਂ ਹਨ। ਇਹ ਕੰਮ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ 8 ਅਪ੍ਰੈਲ, 1929 ਨੂੰ ਨੇਪਰੇ ਚਾੜ੍ਹਿਆ।ਉੱਥੇ ਆਪਣੀਆਂ ਮੰਗਾਂ ਸੰਬੰਧੀ ਪਰਚੇ ਵੰਡੇ, ਦੋ ਨਾਅਰੇ ਲਗਾਏ,"ਇਨਕਲਾਬ ਜਿੰਦਾਵਾਦ" ਅਤੇ "ਸਾਮਰਾਜਵਾਦ ਮੁਰਦਾਵਾਦ"। ਪਰਚਿਆਂ ਵਿੱਚ ਇਹ ਵੀ ਲਿਖਿਆ ਗਿਆ ਕਿ "ਬਹਿਰਿਆਂ ਨੂੰ ਸੁਨਾਉਣ ਲਈ ਜ਼ੋਰਦਾਰ ਧਮਾਕੇ ਦੀ ਜ਼ਰੂਰਤ ਹੁੰਦੀ ਹੈ।ਇਸ ਕਾਰਵਾਈ ਲਈ ਇਨ੍ਹਾਂ ਦੋਨਾਂ ਉੱਪਰ ਕੇਸ ਚੱਲਿਆ ਅਤੇ ਜੀਵਨ ਭਰ ਕਾਰਾਵਾਸ ਦੀ ਸਜ਼ਾ ਦਿੱਤੀ ਗਈ।ਇਨ੍ਹਾਂ ਨੂੰ ਲਹੌਰ ਵਿਖੇ ਮੀਆਂ ਵਾਲੀ ਜੇਲ੍ਹ (ਕੋਟ ਲੱਖਪਤ ਜੇਲ੍ਹ) ਵਿੱਚ ਰੱਖਿਆ ਗਿਆ।ਜੇਲ੍ਹ ਵਿੱਚ ਵੀ ਇਨ੍ਹਾਂ ਨੇ ਕੈਦੀਆਂ ਦੇ ਹੱਕਾਂ ਲਈ ਸੰਘਰਸ਼ ਕੀਤਾ ਅਤੇ ਭੁੱਖ ਹੜਤਾਲ ਵੀ ਕੀਤੀ।ਪਰ ਕੇਸ ਦੀ ਸੁਣਵਾਈ ਦੌਰਾਨ ਹੀ ਆਪਣੇ ਹੀ ਲੋਕਾਂ ਨੇ "ਲਹੌਰ ਕੌਂਸਪੀਰੇਸੀ ਕੇਸ" ਵਿੱਚ ਭਗਤ ਸਿੰਘ, ਸ਼ਿਵਰਾਮ ਰਾਜਗੁਰੂ ਅਤੇ ਸੁਖਦੇਵ ਥਾਪਰ ਦੀ ਪੁਸ਼ਟੀ ਕਰ ਦਿੱਤੀ।ਜਿਨ੍ਹਾਂ ਵਿੱਚੋਂ ਇਕ ਪ੍ਰਸਿੱਧ ਲੇਖਕ ਖੁਸ਼ਵੰਤ ਸਿੰਘ ਦੇ ਪਿਤਾ ਸ਼ੋਭਾ ਸਿੰਘ ਵੀ ਸਨ।ਬੜੇ ਦੁੱਖ ਦੀ ਗੱਲ ਹੈ ਕਿ ਇੱਕ ਪਾਸੇ ਭਗਤ ਸਿੰਘ ਅਤੇ ਹੋਰ ਨੌਜਵਾਨ ਜਾਨਾਂ ਵਾਰ ਰਹੇ ਸਨ ਉੱਥੇ ਦੇਸ਼ ਦੇ ਗੱਦਾਰ ਲੋਕ ਅੰਗ੍ਰੇਜ਼ਾਂ ਦੇ ਪਿੱਠੂ ਬਣੇ ਹੋਏ ਸਨ ਅਤੇ ਆਪਣਿਆਂ ਨੂੰ ਮਰਵਾ ਕੇ ਵੱਡੀਆਂ ਵੱਡੀਆਂ ਜਗੀਰਾਂ ਲੈ ਰਹੇ ਸਨ। ਸਿੱਟੇ ਵਜੋਂ ਇਨ੍ਹਾਂ ਤਿੰਨਾਂ ਨੂੰ ਫਾਂਸੀ ਦੀ ਸਜਾ ਸੁਣਾਈ ਗਈ।ਫਾਂਸੀ ਦੀ ਮਿਤੀ 24 ਮਾਰਚ, 1931 ਸਵੇਰੇ ਸੱਤ ਵਜੇ ਮਿਥੀ ਗਈ ਪਰ ਲੋਕਾਂ ਦੇ ਵਿਦਰੋਹ ਦੇ ਡਰ ਤੋਂ ਇਨ੍ਹਾਂ ਨੂੰ ਬਾਰਾਂ ਘੰਟੇ ਪਹਿਲਾਂ ਹੀ ਭਾਵ 23 ਮਾਰਚ, 1931 ਨੂੰ ਸ਼ਾਮ ਨੂੰ 7:33 ਵਜੇ ਫਾਂਸੀ ਦੇ ਦਿੱਤੀ ਗਈ। ਜੇਲ੍ਹ ਸਮੇਂ ਦੌਰਾਨ ਭਗਤ ਸਿੰਘ ਨੇ ਬਹੁਤ ਸਾਰੇ ਲੇਖਕਾਂ ਦੀਆਂ ਪੁਸਤਕਾਂ ਪੜੀਆਂ ਹਨ। ਜਿਵੇਂ ਕਿ- ਆਪਟਨ ਸਿੰਕਲੇਅਰ, ਬਰਨਾਰਡ ਸ਼ਾਹ, ਚਾਰਲਸ ਡਿੱਕਨਜ਼, ਵਿਕਟਰ ਹਿਓਗੋ, ਕਾਰਲ ਮਾਰਕਸ, ਲੇਨਿਨ, ਫਰਾਂਸ, ਰੂਸ ਅਤੇ ਹੋਰ ਕਰਾਂਤੀਆਂ।ਇਨ੍ਹਾਂ ਦੀਆਂ ਰਚਨਾਵਾਂ ਚੋਂ ਇਨ੍ਹਾਂ ਦੀ ਸੂਝਬੂਝ, ਦੂਰ ਅੰਦੇਸ਼ੀ, ਵਦੀਆ ਨੀਤੀ ਘਾੜਾ, ਵਧੀਆ ਨਾਇਕ, ਵਧੀਆ ਨੇਤਾ, ਬਹੁਤ ਵੱਡਾ ਤਿਆਗੀ, ਇਨਕਲਾਬੀ ਅਤੇ ਸਮਾਜਵਾਦੀ ਵਿਅਕਤੀਤਵ ਦੇ ਦਰਸ਼ਨ ਹੁੰਦੇ ਹਨ।ਇਨ੍ਹਾ ਦੇ ਵਕੀਲ ਪ੍ਰਾਣ ਨਾਥ ਮਹਿਤਾ ਨੇ ਇਨ੍ਹਾ ਨੂੰ ਲੈਨਿਨ ਦੀ ਪੁਸਤਕ ਦਿੰਦੇ ਸਮੇਂ ਉਨ੍ਹਾਂ ਦੀ ਆਖਰੀ ਇੱਛਾ ਪੁੱਛੀ ਤਾਂ ਉਨ੍ਹਾਂ ਨੇ ਫਿਰ ਪਹਿਲਾਂ ਵਾਲੀ ਗੱਲ ਹੀ ਦੁਹਰਾਈ ਕਿ "ਇਨਕਲਾਬ ਜ਼ਿੰਦਾਵਾਦ" ਅਤੇ "ਸਾਮਰਾਜਵਾਦ ਮੁਰਦਾਵਾਦ"।ਹਰ ਸਾਲ 23 ਮਾਰਚ ਨੂੰ ਇਨ੍ਹਾ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।ਜੋ ਕਿ ਇੱਕ ਰਸਮ ਤੋਂ ਜ਼ਿਆਦਾ ਕੁੱਝ ਵੀ ਨਹੀਂ ਹੈ।

ਭਗਤ ਸਿੰਘ ਦਾ ਜੀਵਨ ਸਾਡੇ ਸਾਰਿਆਂ ਲਈ ਬਹੁਤ ਵੱਡੇ ਸੰਦੇਸ਼ ਅਤੇ ਵੰਗਾਰਾਂ ਲਈ ਬੈਠਾ ਹੈ।ਜਿਵਚੇਂ ਕਿ-ਅਜ਼ਾਦੀ ਬੜੀ ਮਹੱਤਵ ਪੂਰਣ ਹੈ। ਇਸ ਦੀ ਪ੍ਰਾਪਤੀ ਲਈ ਜਾਨ ਵੀ ਦੇ ਦੇਣੀ ਚਾਹੀਦੀ ਹੈ। ਜੀਓ ਅਤੇ ਜੀਣ ਦਿਓ ਦੀ ਨੀਤੀ ਤੇ ਅਮਲ ਕਰਨਾ ਚਾਹੀਦਾ ਹੈ।ਜਾਤਿ, ਧਰਮ, ਭਾਸ਼ਾ ਅਤੇ ਖੇਤਰ ਦੇ ਦਾਇਰੇ ਚੋਂ ਉੱਪਰ ਉੱਠ ਕੇ ਮਾਨਵਤਾ ਦੀ ਰਾਖੀ ਕਰਨੀ ਚਾਹੀਦੀ ਹੈ। ਪੂੰਜੀਪਤੀ ਅਤੇ ਸ਼ੋਸ਼ਕ ਵਰਗ ਦਾ ਵਿਰੋਧ ਕਰਕੇ ਸ਼ੋਸ਼ਿਤ ਵਰਗ ਦੀ ਸਹਾਇਤਾ ਕਰਨੀ ਚਾਹੀਦੀ ਹੈ।ਵਧੀਆ ਪੁਸਤਕਾਂ ਪੜ੍ਹ ਕੇ ਆਪਣੇ ਗਿਆਨ ਵਿੱਚ ਲਗਾਤਾਰ ਵਾਧਾ ਕਰਦੇ ਰਹਿਣਾ ਚਾਹੀਦਾ ਹੈ। ਜਿਸ ਨਾਲ ਮਾਨਸਿਕ ਵਿਕਾਸ ਹੋ ਸਕੇ ਅਤੇ ਜੀਵਨ ਜੀਉਣ ਦੀ ਸੋਝੀ ਆ ਸਕੇ।ਆਪਣੀ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸੱਭਿਆਚਾਰਕ ਸੂਝ ਬੂਝ ਵਧਾਉਣ ਦੀ ਲੋੜ ਹੈ।ਕਾਲਜ ਅਤੇ ਯੁਨੀਵਰਸਟੀ ਪੱਧਰ ਦੇ ਨੌਜਵਾਨਾਂ ਨੂੰ ਨਿਰੋਲ ਰੋਮਾਂਟਿਕ ਜੀਵਨ ਨਾ ਜੀਉਂਦੇ ਹੋਏ ਆਪਣੀਆਂ ਜਿੰਮੇਦਾਰੀਆਂ ਨੂੰ ਸਮਝਦੇ ਹੋਏ ਰਾਜਨੀਤਿਕ ਗਤੀਵਿਧੀਆਂ ਤੇ ਪੈਨੀ ਦ੍ਰਿਸ਼ਟੀ ਰੱਖਣੀ ਚਾਹੀਦੀ ਹੈ ਅਤੇ ਸਰਕਾਰਾਂ ਦੀਆਂ ਗਲਤ ਨੀਤੀਆਂ ਅਤੇ ਸਮਾਜ ਵਿਰੋਧੀ ਅਨਸਰਾਂ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ।ਪੀਲੀ ਪਗੜੀ ਬੰਨਣ, ਭਗਤ ਸਿੰਘ ਦੀ ਫੋਟੋ ਘਰ ਵਿਚ ਰੱਖਣ ਅਤੇ ਇਨਕਲਾਬ ਜਿੰਦਾਬਾਦ ਤੱਕ ਹੀ ਸੀਮਿਤ ਨਾ ਰਹਿੰਦੇ ਹੋਏ ਆਪਣੇ ਆਪ ਨੂੰ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਓਤਪ੍ਰੋਤ ਕਰਦੇ ਹੋਏ ਰਾਜ ਨੀਤੀ ਨੂੰ ਆਪਣੇ ਹੱਥਾਂ ਵਿੱਚ ਲੈਣਾ ਚਾਹੀਦਾ ਹੈ ਤਾਂ ਜੋ ਆਮ ਲੋਕਾਂ ਨਾਲ ਧੋਖਾ ਕਰਨ ਵਾਲੇ, ਸੇਵਾ ਨੂੰ ਭੁੱਲ ਕੇ ਰਾਜਨੀਤੀ ਨੂੰ ਇੱਕ ਲਾਹੇ ਵਾਲਾ ਕਿੱਤਾ ਬਣਾਉਣ ਵਾਲੇ ਗੈਰ ਜਿੰਮੇਦਾਰ ਰਾਜਨੀਤਿਕ ਲੋਕਾਂ ਕੋਲੋਂ ਦੇਸ਼ ਨੂੰ ਅਜ਼ਾਦ ਕਰਵਾਇਆ ਜਾ ਸਕੇ।